# ਚਲੋ ਕਿਤਾਬਾਂ ਖਰੀਦੀਏ

ਪ੍ਰੀ-ਪ੍ਰਾਇਮਰੀ-2 ਲਈ




ਸਕੂਲ ਸਿੱਖਿਆ ਵਿਭਾਗ, ਪੰਜਾਬ

# ਚਲੋ ਕਿਤਾਬਾਂ ਖਰੀਦੀਏ

ਲੇਖਕ
ਰੁਕਮਣੀ ਬੈਨਰਜੀ

ਚਿੱਤਰਕਾਰ
ਸੰਤੋਸ਼ ਪੁਜਾਰੀ
ਪਵਨਦੀਪ ਕੌਰ

ਪੰਜਾਬੀ ਅਨੁਵਾਦ
ਐੱਸ. ਵਕੀਲ



ਇੱਕ ਦਿਨ ਦਾਦਾ ਜੀ ਨੇ ਹਰਮੀਤ ਅਤੇ ਕਮਲ ਨੂੰ ਕੁਝ ਪੈਸੇ ਦਿੱਤੇ।
ਉਨ੍ਹਾਂ ਨੇ ਕਿਹਾ, "ਜਾਓ! ਕਿਤਾਬਾਂ ਖ਼ਰੀਦ ਲਿਆਓ।"



ਕੀ ਅਸੀਂ ਅੱਜ ਹੀ ਚੱਲੀਏ?
ਜਾਂ ਕੱਲ੍ਹ ਜਾਈਏ?
ਅਸੀਂ ਸੋਚ ਲਿਆ ਕਿ ਅਸੀਂ ਹੁਣੇ ਚੱਲਦੇ ਹਾਂ।




ਕੀ ਸਾਨੂੰ ਕਿਸੇ ਦੇ ਨਾਲ਼ ਜਾਣਾ ਚਾਹੀਦਾ ਹੈ ਜਾਂ ਇਕੱਲੇ ਜਾਈਏ?
ਅਸੀਂ ਸੋਚ ਲਿਆ ਕਿ ਅਸੀਂ ਇਕੱਲੇ ਹੀ ਜਾਵਾਂਗੇ।



ਕਿਤਾਬਾਂ ਦੀ ਦੁਕਾਨ ਵਾਲ਼ੇ ਅੰਕਲ ਸਾਨੂੰ ਜਾਣਦੇ ਹਨ।
ਉਹ ਕਿਤਾਬਾਂ ਲੱਭਣ ਵਿੱਚ ਸਾਡੀ ਮਦਦ ਕਰਦੇ ਹਨ।




ਕਮਲ ਨੂੰ ਪੰਛੀਆਂ ਵਾਲ਼ੀ ਕਿਤਾਬ ਪਸੰਦ ਆਈ।
ਹਰਮੀਤ ਨੇ ਤਿਤਲੀ ਅਤੇ ਮੁੰਨੀ ਵਾਲੀ ਕਿਤਾਬ ਖਰੀਦੀ।



ਕੁਝ ਕਿਤਾਬਾਂ ਜਾਨਵਰਾਂ ਬਾਰੇ ਹਨ।
ਕੁਝ ਪਰੀਆਂ ਬਾਰੇ ਹਨ।




ਕਮਲ ਨੇ ਕੁਰਸੀ 'ਤੇ ਬੈਠ ਕੇ ਕਿਤਾਬ ਪੜ੍ਹੀ।
ਹਰਮੀਤ ਆਪਣੀਆਂ ਮੋਟੀਆਂ-ਮੋਟੀਆਂ ਕਿਤਾਬਾਂ ਲੈ ਕੇ ਫ਼ਰਸ਼ 'ਤੇ ਬੈਠ ਗਈ।



ਕਿੰਨੀ ਸ਼ਾਂਤੀ ਹੁੰਦੀ ਹੈ ਇੱਥੇ!
ਅਸੀਂ ਅਰਾਮ ਨਾਲ਼ ਉੱਥੇ ਕਿਤਾਬਾਂ ਪੜ੍ਹੀਆਂ।



ਹਰਮੀਤ ਨੇ ਇੱਕ ਮੋਟੀ ਕਿਤਾਬ ਖ਼ਰੀਦੀ ਜਿਸ ਵਿੱਚ ਬਹੁਤ ਸਾਰੀਆਂ ਕਹਾਣੀਆਂ ਹਨ।
ਕਮਲ ਨੇ ਤਸਵੀਰਾਂ ਵਾਲ਼ੀ ਲੰਬੀ ਕਿਤਾਬ ਖ਼ਰੀਦੀ।



ਹਰਮੀਤ ਅਤੇ ਕਮਲ ਨੇ ਆਪਣੀ-ਆਪਣੀ ਕਿਤਾਬ ਪੜ੍ਹ ਕੇ ਆਪਣੀ ਕਿਤਾਬਾਂ ਵਾਲ਼ੀ ਅਲਮਾਰੀ ਵਿੱਚ ਉਹਨਾਂ ਨੂੰ ਰੱਖ ਦਿੱਤਾ।

ਕਮਲ ਅਤੇ ਹਰਮੀਤ ਨੇ ਤਾਂ ਆਪਣੀ-ਆਪਣੀ ਪਸੰਦ ਦੀ ਕਿਤਾਬ ਖ਼ਰੀਦ ਲਈ। ਤੁਹਾਡੀ ਮਨਪਸੰਦ ਕਿਤਾਬ ਕਿਹੜੀ ਹੈ?


**PRATHAM BOOKS**

**A Book in Every Child's Hand**

Pratham Books is a not-for-profit organization that publishes books in multiple Indian languages to promote reading among children.

**PRATHAM**

Pratham is an innovative learning organization created to improve the quality of education in India.

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-੮, ਐਸ.ਏ.ਐਸ ਨਗਰ, ਮੁਹਾਲੀ